Roll No. ........................ Total Pages : 4

# 13937/NH

**C–2111**

## ਪੰਜਾਬੀ ਸਾਹਿਤ (ਚੋਣਵਾਂ)

Semester–V

(Private and D.E.)

Time Allowed : 3 Hours] [Maximum Marks : 100

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

### ਭਾਗ–ੳ

1. 'ਪੰਜਾਬੀ ਕਾਵਿ ਸੰਗ੍ਰਹਿ' ਪੁਸਤਕ ਵਿਚ ਦਰਜ ਬਾਬਾ ਫਰੀਦ ਦੇ ਸਲੋਕਾਂ ਦੇ ਆਧਾਰ ਤੇ ਉਹਨਾਂ ਦਾ ਵਿਸ਼ਾ ਵਸਤੂ ਲਿਖੋ।

**ਜਾਂ**

ਗੁਰੂ ਅਰਜਨ ਦੇਵ ਜੀ ਜਾਂ ਸ਼ਾਹ ਹੁਸੈਨ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਪੰਜਾਬੀ ਸਾਹਿਤ ਵਿਚ ਉਨ੍ਹਾਂ ਦੇ ਸਥਾਨ ਬਾਰੇ ਵਿਸਤ੍ਰਿਤ ਨੋਟ ਲਿਖੋ। 15



2. ਨਿਮਨਲਿਖਤ ਵਿਚੋਂ ਕਿਸੇ **ਇਕ** ਕਾਵਿ ਟੁਕੜੇ ਦੀ ਸਾਹਿਤਕ ਪਰਖ ਕਰੋ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥<br>
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥<br>
ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥<br>
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥

**ਜਾਂ**

ਜੋਗੀ ਸੋ ਜੋ ਰਾਖੈ ਜਿਭਾ ਇੰਦ੍ਰੀ ਨਾ ਕਰੋ ਭੋਗ।<br>
ਅੰਜਨੁ ਛੋਡਿ ਨਿਰੰਜਨ ਰਹੈ। ਤਾ ਕੋ ਗੋਰਖ ਜੋਗੀ ਕਹੈ। 15

### ਭਾਗ–ਅ

3. ਨਾਟਕ ਦੇ ਤੱਤਾਂ ਸਬੰਧੀ ਵਿਸਥਾਰ ਵਿਚ ਸਪੱਸ਼ਟ ਕਰੋ।

**ਜਾਂ**

ਨਾਟਕ ਅਤੇ ਰੰਗਮੰਚ ਦੇ ਸਬੰਧਾਂ ਨੂੰ ਸਪੱਸ਼ਟ ਕਰਦਿਆਂ ਨਾਟਕ ਰੂਪ ਦੀ ਪ੍ਰਕਿਰਤੀ ਬਾਰੇ ਨੋਟ ਲਿਖੋ। 15

4. 'ਝਨਾਂ ਦੇ ਪਾਣੀ' ਨਾਟਕ ਦੀ ਮੁੱਖ ਸਮੱਸਿਆ ਅਤੇ ਉਸਦੇ ਨਿਭਾਅ ਤੇ ਨੋਟ ਲਿਖੋ।

**ਜਾਂ**

'ਝਨਾਂ ਦੇ ਪਾਣੀ' ਨਾਟਕ ਦਾ ਰੰਗਮੰਚ ਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰੋ। 15

## ਭਾਗ-ੲ

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ: 20×2=40

(i) ਪੁਰਾਤਨ ਪੰਜਾਬੀ ਕਾਵਿ ਸੰਗ੍ਰਹਿ ਪੁਸਤਕ ਦੇ ਸੰਪਾਦਕਾਂ ਦੇ ਨਾਮ ਲਿਖੋ।

(ii) ਬਾਬਾ ਫਰੀਦ ਨੂੰ ਪੰਜਾਬੀ ਦਾ ਪਹਿਲਾ ਕਵੀ ਕਿਉਂ ਕਿਹਾ ਜਾਂਦਾ ਹੈ? ਗੋਰਖ ਨਾਥ ਨੂੰ ਕਿਉਂ ਨਹੀਂ?

(iii) ਚਾਰ ਪੁਰਾਤਨ ਵਾਰਾਂ ਦੇ ਨਾਮ ਲਿਖੋ।

(iv) ਭਗਤ ਨਾਮਦੇਵ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ?

(v) 'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ' ਕਵਿਤਾ ਦਾ ਕੇਂਦਰੀ ਭਾਵ ਸੰਖੇਪ ਵਿਚ ਲਿਖੋ।

(vi) ਗੁਰੂ ਨਾਨਕ ਦੇਵ ਜੀ ਦੀਆਂ ਚਾਰ ਰਚਨਾਵਾਂ ਦੇ ਨਾਮ ਲਿਖੋ।

(vii) 'ਖੂਬ ਖੂਬ ਤੇਰੋ ਨਾਮ' ਕਿਸ ਦੀ ਰਚਨਾ ਹੈ?

(viii) ਭਾਈ ਗੁਰਦਾਸ ਨੇ ਕਿੰਨੀਆਂ ਵਾਰਾਂ ਅਤੇ ਕਬਿੱਤਾਂ ਦੀ ਰਚਨਾ ਕੀਤੀ?

(ix) ਕਵਿਤਾ ਦੀ ਸਾਹਿਤਕ ਪਰਖ ਤੋਂ ਕੀ ਭਾਵ ਹੈ?

(x) 'ਮੈਂ ਭੀ ਝੋਕ ਰਾਂਝਣ ਦੀ ਜਾਣਾ' ਰਚਨਾ ਵਿਚ 'ਝੋਕ' ਤੋਂ ਕੀ ਭਾਵ ਹੈ?



(xi) ਗੁਰੂ ਗੋਬਿੰਦ ਸਿੰਘ ਦੀ ਕਿਹੜੀ ਰਚਨਾ ਪੰਜਾਬੀ ਭਾਸ਼ਾ ਵਿਚ ਹੈ?

(xii) ਮੰਗਲਾਚਰਣ ਤੋਂ ਕੀ ਭਾਵ ਹੈ?

(xiii) 'ਝਨਾਂ ਦੇ ਪਾਣੀ' ਨਾਟਕ ਦੇ ਕਿੰਨੇ ਐਕਟ ਅਤੇ ਝਾਕੀਆਂ ਹਨ?

(xiv) ਹਰਬੰਸ ਕੌਰ ਕੌਣ ਹੈ ਅਤੇ ਉਹ ਜੇਲ੍ਹ ਵਿਚ ਕਿਉਂ ਹੈ?

(xv) ਨਾਟਕ ਸਾਹਿਤ ਰੂਪ ਦੀਆਂ ਕੋਈ ਚਾਰ ਵਿਲੱਖਣਤਾਵਾਂ ਦੱਸੋ।

(xvi) 'ਝਨਾਂ ਦੇ ਪਾਣੀ' ਨਾਟਕ ਵਿਚ ਗੰਗਾ ਦਾ ਦੋ ਵਾਰ ਵੇਚਿਆ ਜਾਣਾ ਕੀ ਦਰਸਾਉਂਦਾ ਹੈ?

(xvii) 'ਝਨਾਂ ਦੇ ਪਾਣੀ' ਨਾਟਕ ਵਿਚ ਅਰਜਨ ਨੂੰ ਆਪਣੇ ਭਤੀਜਿਆਂ ਵਿਰੁੱਧ ਕੀ ਸ਼ਿਕਾਇਤ ਹੈ?

(xviii) ਅਜਮੇਰ ਔਲਖ ਦੀਆਂ ਹੋਰ ਨਾਟ ਪੁਸਤਕਾਂ ਦੇ ਨਾਮ ਲਿਖੋ।

(xix) 'ਝਨਾਂ ਦੇ ਪਾਣੀ' ਸਿਰਲੇਖ ਤੋਂ ਕੀ ਭਾਵ ਹੈ?

(xx) 'ਝਨਾਂ ਦੇ ਪਾਣੀ' ਦੀ ਪਾਤਰ ਭੰਤੀ ਦਾ ਪਾਤਰ ਚਿਤਰਨ ਕਰੋ।